Funded by: Financé par :

ਪ੍ਰੋਜੈਕਟ ਲਈ ਫ਼ੰਡਦਾਤਾ: Citizenship and Immigration Canada Citoyenneté et Immigration Canada

# ਬਲੈਕ ਕਰੀਕ ਲੋਕਲ ਇੰਮੀਗਰੇਸ਼ਨ (ਲਿਪ) ਸੈਟਲਮੈਂਟ ਨੀਤੀ ਅਤੇ ਕਾਰਵਾਈ ਨੀਤੀ ਐਗਜ਼ੈਕਟਿਵ ਖ਼ੁਲਾਸਾ

ਬਲੈਕ ਕਰੀਕ ਇੰਮੀਗਰੇਸ਼ਨ ਪ੍ਰੋਜੈਕਟ – ਲਿਪ, ਸਿਟੀਜ਼ਨਸ਼ਿਪ ਅਤੇ ਇੰਮੀਗਰੇਸ਼ਨ ਕੈਨਡਾ ਵੱਲੋਂ ਮਾਇਕ-ਸਹਾਇਤਾ ਨਾਲ਼ ਚਲਦੀਆਂ, ਟਰਾਂਟੋ ਦੀਆਂ 17 ਭਾਈਵਾਲੀਆਂ ਵਿੱਚੋਂ ਇੱਕ ਹੈ। ਲਿਪ ਦਾ ਮਕਸਦ ਹੈ ਨਵੇਂ-ਆਉਣ ਵਾਲ਼ਿਆਂ ਦੀ ਸਫ਼ਲਤਾ-ਪੂਰਵਕ ਸੈਟਲਮੈਂਟ ਅਤੇ ਰਚਣ-ਮਿਚਣ (integration) ਨੂੰ ਹੇਠ ਲਿਖੀਆਂ ਵਿਧੀਆਂ ਦੁਆਰਾ ਸੁਧਾਰਨਾ:

1. ਉਹਨਾਂ ਅਸਰਦਾਰ ਸੇਵਾਵਾਂ ਤੀਕਰ ਪਹੁੰਚ ਅਤੇ ਤਾਲਮੇਲ ਨੂੰ ਸੁਧਾਰਨਾ ਜਿਹੜੀਆਂ ਨਵੇਂ-ਆਉਣ ਵਾਲਿਆਂ ਦੀ ਸੈਟਲਮੈਂਟ ਤੇ ਰਚਣ-ਮਿਚਣ ਨੂੰ ਸੌਖ਼ਾਲ਼ਾ ਕਰਦੀਆਂ ਨੇ
2. ਇੰਮੀਗਰੈਂਟਾਂ ਦੀ, ਲੇਬਰ ਮਾਰਕਿਟ ਤੀਕ ਪਹੁੰਚ ਨੂੰ ਸੁਧਾਰਨਾ
3. ਇੰਮੀਗਰੈਂਟਾਂ ਦੇ ਰਚਣ-ਮਿਚਣ ਨੂੰ ਬੇਹਤਰ ਬਣਾਉਣ ਲਈ ਲੋਕਲ ਤੇ ਰੀਜਨਲ ਗਿਆਨ ਅਤੇ ਸਮਰੱਥਾ ਨੂੰ ਤਕੜੀ ਕਰਨਾ
4. ਪਲੈਨਿੰਗ ਵਿੱਚ, ਸਰਵਿਸ ਜੱਥੇਬੰਦੀਆਂ, ਵਿੱਦਿਅਕ ਪੇਸ਼ਾਵਰਾਂ, ਸੈਟਲਮੈਂਟ ਵਰਕਰਾਂ, ਅਤੇ ਨਵ-ਆਇਆਂ ਦੀ ਭਾਈਵਾਲੀ ਅਤੇ ਸ਼ਮੂਲੀਅਤ ਦਾ ਨਿਰਮਾਣ ਕਰਨਾ ਅਤੇ ਸੁਧਾਰਨਾ; ਅਤੇ ਰਚਣ-ਮਿਚਣ ਸੇਵਾਵਾਂ (ਜਿਨ੍ਹਾਂ ’ਚ ਸੈਟਲਮੈਂਟ, ਭਾਸ਼ਾ-ਸਿਖਲਾਈ ਅਤੇ ਲੇਬਰ ਮਾਰਕਿਟ ਇੰਟੀਗਰੇਸ਼ਨ ਵੀ ਸ਼ਾਮਲ ਹੈ), ਖ਼ਾਸ ਤੌਰ ’ਤੇ ਵਰਤਮਾਨ ਸਮੇਂ ਦੌਰਾਨ, ਫ਼ੈਡਰਲ ਸਿਟੀਜ਼ਨਸ਼ਿਪ ਅਤੇ ਇੰਮੀਗਰੇਸ਼ਨ ਕੈਨਡਾ ਜਾਂ ਪ੍ਰਾਂਤਕ ਸਿਟੀਜ਼ਨਸ਼ਿਪ ਅਤੇ ਇੰਮੀਗਰੇਸ਼ਨ ਮਿਨਿਸਟਰੀ ਦੁਆਰਾ ਮਾਇਕ ਸਹਾਇਤਾ ਪ੍ਰਾਪਤ ਸੇਵਾਵਾਂ ਨਾਲ਼ ਤਾਲਮੇਲ ਕਰਨਾ

ਬਲੈਕ ਕਰੀਕ ਲਿਪ ਦੀ ਅਗਵਾਈ ਇੱਕ ਕੌਂਸਲ ਦੁਆਰਾ ਕੀਤੀ ਜਾਂਦੀ ਹੈ ਜਿਸ ਦੀ ਸਾਂਝੀ-ਪ੍ਰਧਾਨਗੀ ਪ੍ਰਾਜੈਕਟ ਟਰਸਟੀ ਦੇ ਇੱਕ ਨੁਮਾਇੰਦੇ, ਡੈਲਟਾ ਫ਼ੈਮਿਲੀ ਰੀਜ਼ੋਰਸ ਸੈਂਟਰ ਦੇ ਇੱਕ ਨੁਮਾਇੰਦੇ, ਅਤੇ ਸੈਟਲਮੈਂਟ ਸੈਕਟਰ ਦੇ ਇੱਕ ਨੁਮਾਇੰਦੇ ਦੁਆਰਾ ਕੀਤੀ ਜਾਂਦੀ ਹੈ। ਕੌਂਸਲ ਮੈਂਬਰਸ਼ਿਪ ਦੀਆਂ ਤਕਰੀਬਨ 16 ਸੇਵਾਵਾਂ ਅਤੇ ਅਦਾਰੇ ਹਨ ਅਤੇ ਇਨ੍ਹਾਂ ਦੇ ਨਾਲ਼-ਨਾਲ਼ ਬਲੈਕ ਕਰੀਕ ਇਲਾਕੇ ਵਿੱਚ ਨਵ-ਆਇਆਂ ਦੇ ਅਤੇ ਆਮ-ਲੋਕਾਂ ਦੇ ਗਰੁਪ ਹਨ।

ਬਲੈਕ ਕਰੀਕ ਲਿਪ ਦੇ ਮਕਸਦਾਂ ਲਈ, ਨੇਬਰਹੁੱਡ ਦੀਆਂ ਹੱਦਾਂ, ਉੱਤਰ ਵਿੱਚ ਸਟੀਅਲਜ਼ ਐਵੀਨਿਊ, ਦੱਖਣ ਵਿੱਚ 401, ਅਤੇ ਪੱਛਮ ਤੇ ਪੂਰਬ ’ਚ ਕਰਮਵਾਰ ਹੰਬਰ ਦਰਿਆ ਅਤੇ ਡਫ਼ਰਿਨ ਸਟਰੀਟ ਤੀਕਰ ਹਨ।

ਬਲੈਕ ਕਰੀਕ ਦਾ ਇੰਮੀਗਰੇਸ਼ਨ ਭਾਈਵਾਲੀ ਪਰਾਜੈਕਟ, ਦੋ ਪੜਾਵਾਂ ਵਿੱਚ ਲਾਗੂ ਕੀਤਾ ਜਾ ਰਿਹਾ ਹੈ: ਪਹਿਲਾ ਪੜਾਅ ਲੋਕਲ ਕੌਂਸਲ ਭਾਈਵਾਲੀ ਨੂੰ ਉਸਾਰਨ, ਸਾਹਿਤ ਦਾ ਰੀਵਿਊ ਕਰਨ, ਵੱਖੋ-ਵੱਖਰੇ ਭਾਈਵਾਲਾਂ ਦੀਆਂ ਮੀਟਿੰਗਾਂ, ਅਤੇ ਲੋਕਲ ਸੈਟਲਮੈਂਟ ਦੀ ਰਣਵਿਧੀ (ਸਟਰੈਟਜੀ) ਅਤੇ ਕਾਰਵਾਈ ਨੀਤੀ ਦੇ ਨਿਰਮਾਣ ਉੱਤੇ ਕੇਂਦਰਤ ਹੈ। ਪਛਾਣੇ ਗਏ ਨਤੀਜਿਆਂ ਦੀ ਸਫ਼ਲ ਪ੍ਰਾਪਤੀ ਲਈ ਫ਼ੇਜ਼ 1 ਦੇ ਅੰਤ੍ਰਿਮ ਲੇਖੇ-ਜੋਖੇ ਨੇ ਉਨ੍ਹਾਂ ਖੇਤਰਾਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਨ੍ਹਾਂ ਵਿੱਚ ਸੁਧਾਰ ਲਿਆਉਣ ਦੀ ਜ਼ਰੂਰਤ ਹੈ।

ਬਲੈਕ ਕਰੀਕ-ਲਿਪ ਸੈਟਲਮੈਂਟ ਸਟਰੈਟਜੀ ਐਕਸ਼ਨ ਪਲੈਨ ਨੇ ਚਾਰ ਮਹੱਤਵਪੂਰਣ ਦਿਸ਼ਾਵਾਂ ਮਿਥੀਆਂ ਹਨ ਅਤੇ ਹਰ ਦਿਸ਼ਾ ਲਈ ਨਿਸ਼ਾਨੇ, ਮਹੱਤਵਪੂਰਣ ਅਮਲ ਅਤੇ ਆਮ ਵਕਤ-ਬੰਦੀਆਂ (time frames) ਦੀ ਨਿਸ਼ਾਨਦੇਹੀ ਕੀਤੀ ਹੈ। ਇਸ ਵਕਤ-ਬੰਦੀ (ਟਾਈਮਫ਼ਰੇਮ) ਰਾਹੀਂ, ਪਰਾਜੈਕਟ ਦਾ ਦੂਜਾ ਪੜਾਅ (ਅਪਰੈਲ, 2011-ਮਾਰਚ, 2012) ਕੰਮ ਦੀ ਅਜੇਹੀ ਯੋਜਨਾ ਬਣਾ ਕੇ, ਰਣਵਿਧੀ ਉੱਪਰ ਅਗਲੇਰਾ ਅਮਲ ਕਰੇਗਾ ਜਿਸ ਰਾਹੀਂ ਸਰਗਰਮੀਆਂ ਦਾ ਅਤੇ ਵਕਤ-ਬੰਦੀਆਂ ਦਾ ਵਿਸਥਾਰਤ ਖ਼ਾਕਾ ਬਣਾਇਆ ਜਾਵੇਗਾ, ਅਤੇ ਇਹ ਪੜਾਅ ਹਰ ਮਹੱਤਵਪੂਰਣ ਦਿਸ਼ਾ ਵਾਸਤੇ ਮਿਥੇ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਜ਼ਿਮੇਵਾਰੀਆਂ ਆਇਦ ਕਰੇਗਾ।

ਹੇਠਲਾ ਟੇਬਲ, ਸੈਟਲਮੈਂਟ ਰਣਵਿਧੀ (ਸਟਰੈਟਅਜੀ) ਦੀਆਂ ਦਿਸ਼ਾਵਾਂ ਅਤੇ ਅਮਲਾਂ ਦਾ ਖ਼ੁਲਾਸਾ ਕਰਦਾ ਹੈ।

## Strategic Directions & Actions ਦਾ ਖ਼ੁਲਾਸਾ

| ਰਣਵਿਧੀ ਦੀਆਂ ਦਿਸ਼ਾਵਾਂ | ਮਹੱਤਵਪੂਰਣ ਅਮਲ |
|---|---|
| 1. ਭਾਈਵਾਲੀ ਅਤੇ ਸ਼ਮੂਲੀਅਤ ਦਾ ਨਿਰਮਾਣ ਅਤੇ ਵਾਧਾ | • ਭਾਈਵਾਲ਼ ਮੈਂਬਰਸ਼ਿਪ ਦਾ ਲੇਖਾਜੋਖਾ ਇਹ ਯਕੀਨੀ ਬਣਾਉਣ ਲਈ ਕਰਨਾਂ ਕਿ ਕੀ ਕੌਂਸਲ ਕੋਲ਼, ਸੈਟਲਮੈਂਟ ਰਣਵਿਧੀ ਅਤੇ ਅਮਲ-ਨੀਤੀ ਨੂੰ ਸਹਾਰਾ ਦੇਣ ਦੀ ਯੋਗਤਾ ਹੈ?<br>• ਲਿਪ ਦੀ ਕਾਰਗੁਜ਼ਾਰੀ ਅਤੇ ਹਾਲਤ ਨੂੰ ਧਿਆਨ ਹੇਠ ਰੱਖਣਾ ਅਤੇ ਯਕੀਨੀ ਬਣਾਉਣਾ ਕਿ ਬਲੈਕ ਕਰੀਕ ਲਿਪ ਦੇ ਉਦੇਸ਼ ਨੂੰ ਲਾਗੂ ਕਰਨ ਲਈ ਉਚਿਤ ਸੋਮੇ ਅਤੇ ਮੱਦਦ ਉਪਲਬਧ ਹੈ। |
| 2. ਸੇਵਾਵਾਂ ਦਾ ਇਕੱਠਾ-ਕਰਨ | • ਨਵ-ਆਇਆਂ ਨੂੰ ਲੋੜੀਂਦੀਆਂ ਸੇਵਾਵਾਂ ਤੇ ਹਮਾਇਤਾਂ ਬਾਰੇ ਜਾਗਰੂਕਤਾ ਅਤੇ ਸਹਿਯੋਗ ਨੂੰ ਵਧਾਉਣਾ<br>• ਨਵ-ਆਇਆਂ ਦੀ, ਸੇਵਾਵਾਂ ਅਤੇ ਹਮਾਇਤਾਂ ਤੀਕਰ ਪਹੁੰਚ ਨੂੰ ਸੁਧਾਰਨਾ |
| 3. ਕਮਿਊਨਿਟੀਆਂ ਦਾ ਸੁਆਗਤ ਕਰਨਾ | • ਵਿਸ਼ਾਲ ਕਮਿਊਨਿਟੀ ਦੀ ਜਾਗਰੂਕਤਾ ਵਧਾਅ ਕੇ, ਨਵ-ਆਇਆਂ ਦੀ ਸੈਟਲਮੈਂਟ ਤੇ ਸ਼ਮੂਲੀਅਤ ਦਾ ਸਮਰਥਨ ਕਰਨ ਲਈ, ਉਨ੍ਹਾਂ ਅਦਾਰਿਆਂ ਅਤੇ ਗਰੁਪਾਂ 'ਚ ਸਮਰੱਥਾ ਪੈਦਾ ਕਰਨੀ ਜਿਹੜੇ ਨਵਆਇਆਂ ਦੀ ਨੁਮਾਇੰਦਗੀ ਅਤੇ ਸੇਵਾ ਕਰਦੇ ਨੇ।<br>• ਉਨ੍ਹਾਂ ਪਹਿਲਕਦਮੀਆਂ ਦੀ ਸ਼ਨਾਖ਼ਤ ਅਤੇ ਸਹਾਇਤਾ ਕਰਨੀ ਜਿਹੜੀਆਂ ਰੁਜ਼ਾਗਰ, ਵਿੱਦਿਆ, ਹਾਉਸਿੰਗ, ਨੇਬਰਹੁੱਡ ਯੋਜਨਾਬੰਦੀ, ਪੋਲੀਸਿੰਗ ਅਤੇ ਹੋਰ ਕਮਿਊਨਿਟੀ ਸੇਵਾਵਾਂ ਦੇ ਮਾਮਲਿਆਂ ਵਿੱਚ ਆਉਂਦੇ ਅੜਿੱਕਿਆਂ ਨੂੰ ਘਟਾਉਂਦੀਆਂ/ਖ਼ਤਮ ਕਰਦੀਆਂ ਨੇ।<br>• ਉਨ੍ਹਾਂ ਪਹਿਲਕਦਮੀਆਂ ਦੀ ਹਮਾਇਤ ਕਰਨੀ ਜਿਹੜੀਆਂ ਖ਼ਸੂਸੀ ਤੌਰ 'ਤੇ ਨਵ-ਆਏ ਜਵਾਨ ਲੋਕਾਂ ਦੀ ਸ਼ਮੂਲੀਅਤ ਅਤੇ ਸਮਰਥਨ ਨੂੰ ਨਜ਼ਰ 'ਚ ਰਖਦਿਆਂ, ਨਵ-ਆਇਆਂ ਦੀ ਸਮਾਜਕ, ਆਰਥਿਕ, ਤੇ ਨਾਗਰਕੀ ਸ਼ਮੂਲੀਅਤ ਅਤੇ ਸਮਾਧਾਨ ਨੂੰ ਉਤਸ਼ਾਹਿਤ ਕਰਦੀਆਂ ਹਨ.<br>• ਨਵਆਇਆਂ ਦੇ, ਸਮਰਥਨਾਂ ਅਤੇ ਸੇਵਾਵਾਂ ਨਾਲ ਤਾਲਮੇਲ ਨੂੰ ਹਮਾਇਤ ਦੇਣ ਲਈ, ਰਸਮੀ ਤੇ ਗ਼ੈਰ-ਰਸਮੀ ਸੇਵਾ ਸੈਕਟਰ ਦਰਮਿਆਨ ਸਬੰਧਾਂ ਨੂੰ ਬਣਾਉਣਾ ਤੇ ਮਜ਼ਬੂਤ ਕਰਨਾ। |
| 4. ਲੇਬਰ ਮਾਰਕਿਟ ਸ਼ਮੂਲੀਅਤ, ਭਾਸ਼ਾ-ਸਿਖਲਾਈ ਅਤੇ ਵਿੱਦਿਆ | • ਨਵ-ਆਇਆਂ ਲਈ ਲੇਬਰ ਮਾਰਕਿਟ ਦੇ ਨਤੀਜਿਆਂ ਨੂੰ ਸੁਧਾਰਨਾ<br>• ਢੁਕਵੀਂ ਭਾਸ਼ਾ ਸਿਖਲਾਈ ਤੀਕਰ ਪਹੁੰਚ ਨੂੰ ਸੁਧਾਰਨਾ<br>• ਨਵਆਇਆਂ ਦੀ ਅਕਾਦਮਿਕ ਕਾਮਯਾਬੀ ਨੂੰ ਸੁਧਾਰਨਾ |